# 'ਸੀ ਪੀ ਏ' ਕਿਵੇਂ ਬਣੀਏ

## 'ਸੀ ਪੀ ਏ ਬੀ ਸੀ' ਬਾਰੇ

'ਦਾ ਚਾਰਟਰਡ ਪ੍ਰੋਫੈਸ਼ਨਲ ਅਕਾਊਂਟੈਂਟਸ ਆਫ਼ ਬ੍ਰਿਟਿਸ਼ ਕੋਲੰਬੀਆ' (ਸੀ ਪੀ ਏ ਬੀ ਸੀ) 40,000 ਤੋਂ ਵੱਧ 'ਸੀ ਪੀ ਏ' ਮੈਂਬਰਾਂ ਅਤੇ 6,000' ਸੀ ਪੀ ਏ' ਉਮੀਦਵਾਰਾਂ ਲਈ ਸਿਖਲਾਈ, ਸੰਚਾਲਨ ਅਤੇ ਰੈਗੂਲੇਟਰੀ ਸੰਸਥਾ ਹੈ। 'ਸੀ ਪੀ ਏ ਬੀ ਸੀ' ਦਾ ਪ੍ਰਾਇਮਰੀ ਮਿਸ਼ਨ ਜਨਤਾ ਦੀ ਰੱਖਿਆ ਕਰਨਾ ਹੈ, ਜਿਸ ਵਿੱਚ ਹੇਠ ਲਿਖੇ ਮਿਸ਼ਨ ਸ਼ਾਮਲ ਹਨ:

- ਉੱਚਤਮ ਪੇਸ਼ਾਵਰ ਅਤੇ ਨੈਤਿਕ ਮਿਆਰਾਂ ਨੂੰ ਲਾਗੂ ਕਰਨਾ।
- ਪੇਸ਼ੇਵਾਰ ਵਿਕਾਸ ਦੁਆਰਾ ਮੈਂਬਰਾਂ ਦੀ ਯੋਗਤਾ ਨੂੰ ਉਤਸ਼ਾਹਿਤ ਕਰਨਾ ਅਤੇ ਵਧਾਉਣਾ, ਅਤੇ ਮੈਂਬਰਾਂ ਦੀ ਨਿਰੰਤਰ ਯੋਗਤਾ ਦਾ ਮੁਲਾਂਕਣ ਕਰਨਾ।
- ਉਮੀਦਵਾਰਾਂ ਅਤੇ ਮੈਂਬਰਾਂ ਦੇ ਕਾਰਜ (ਪ੍ਰੈਕਟਿਸ) ਕਰਨ ਦੇ ਮਿਆਰਾਂ ਅਤੇ ਪੇਸ਼ਾਵਰ ਆਚਰਨ ਦੇ ਨਿਯਮਾਂ ਨੂੰ ਲਾਗੂ ਕਰਨਾ।
- ਇੱਕ ਸ਼ਿਕਾਇਤ ਪ੍ਰਕਿਰਿਆ ਪ੍ਰਦਾਨ ਕਰਨਾ, ਜਿਹੜੀ ਨਿਰਪੱਖ ਅਤੇ ਕੁਸ਼ਲ ਹੋਵੇ, ਅਤੇ ਸ਼ਿਕਾਇਤਾਂ ਦੀ ਜਾਂਚ ਕਰੇ ਅਤੇ ਨਿਰਨਾ ਕਰੇ।

*CPA ACT* ਦੇ ਤਹਿਤ, ਸਿਰਫ਼ 'ਸੀ ਪੀ ਏ ਬੀ ਸੀ' ਦੇ ਮੈਂਬਰਾਂ ਕੋਲ ਪ੍ਰੋਵਿੰਸ ਵਿੱਚ ਪੇਸ਼ੇਵਾਰ ਅਕਾਊਂਟੈਂਟ ਵਜੋਂ ਅਭਿਆਸ ਕਰਨ ਲਈ ਲੋੜੀਂਦੇ ਪੱਧਰ ਦੀ ਸਿਖਲਾਈ, ਸਿੱਖਿਆ ਅਤੇ ਮੁਹਾਰਤ ਹੈ।

## 'ਸੀ ਪੀ ਏ ਬਣੋ

ਰੁਜ਼ਗਾਰਦਾਤਾਵਾਂ ਦੁਆਰਾ 'ਸੀ ਪੀ ਏ' ਦੀ ਬਹੁਤ ਜ਼ਿਆਦਾ ਮੰਗ ਕੀਤੀ ਜਾਂਦੀ ਹੈ ਅਤੇ ਇਹ ਬਹੁ-ਰਾਸ਼ਟਰੀ ਕਾਰਪੋਰੇਸ਼ਨਾਂ, ਛੋਟੇ ਕਾਰੋਬਾਰਾਂ, ਨਾ-ਮੁਨਾਫ਼ੇ ਵਾਲੀਆਂ ਸੰਸਥਾਵਾਂ, ਸਰਕਾਰੀ ਏਜੰਸੀਆਂ ਅਤੇ ਅਣਗਿਣਤ ਵਿਅਕਤੀਆਂ ਨੂੰ ਸਲਾਹ ਦਿੰਦੇ ਹਨ। ਜਨਤਕ ਅਕਾਊਂਟਿੰਗ ਦੇ ਖੇਤਰ ਵਿੱਚ ਉਹਨਾਂ ਦੀ ਅਗਵਾਈ, ਚੋਟੀ ਦੀਆਂ ਕਾਰਪੋਰੇਸ਼ਨਾਂ ਦੇ ਬੋਰਡਰੂਮਾਂ ਵਿੱਚ ਉਹਨਾਂ ਦੀ ਰਣਨੀਤਕ ਸੂਝ, ਅਤੇ ਸਰਕਾਰੀ ਅਤੇ ਜਨਤਕ ਖੇਤਰ ਦੇ ਅਕਾਊਂਟਿੰਗ ਵਿੱਚ ਉਹਨਾਂ ਦੇ ਮਾਰਗ ਦਰਸ਼ਨ ਲਈ ਉਹਨਾਂ ਨੂੰ ਬਹੁਤ ਮਾਨਤਾ ਦਿੱਤੀ ਜਾਂਦੀ ਹੈ। ਅਗਲੇ ਦਹਾਕੇ ਦੌਰਾਨ, ਬੀ ਸੀ ਨੂੰ ਪੇਸ਼ੇਵਾਰ ਅਕਾਊਂਟੈਂਟਾਂ ਦੀ ਭਾਰੀ ਮੰਗ ਦੀ ਉਮੀਦ ਹੈ। ਇਹਨਾਂ ਵਿੱਚੋਂ ਬਹੁਤ ਸਾਰੀਆਂ ਨੌਕਰੀਆਂ ਦੂਜੇ ਦੇਸ਼ਾਂ ਵਿੱਚ ਸਿਖਲਾਈ ਪ੍ਰਾਪਤ ਪੇਸ਼ੇਵਾਰ ਅਕਾਊਟੈਂਟਾਂ ਦੁਆਰਾ ਭਰੀਆਂ ਜਾਣਗੀਆਂ।

'ਸੀ ਪੀ ਏ' ਬਣਨ ਲਈ, ਚਾਹਵਾਨਾਂ ਨੂੰ ਤਿੰਨ ਬੁਨਿਆਦੀ ਲੋੜਾਂ ਪੂਰੀਆਂ ਕਰਨੀਆਂ ਪੈਂਦੀਆਂ ਹਨ: ਸਿੱਖਿਆ, ਪ੍ਰੀਖਿਆ, ਅਤੇ ਅਨੁਭਵ। **ਸਿੱਖਿਆ** ਮੁੱਖ ਵਿਸ਼ਿਆਂ, ਜਿਵੇਂ ਕਿ ਨੈਤਿਕਤਾ, ਅਕਾਊਂਟਿੰਗ, ਆਡਿਟ ਅਤੇ ਜ਼ਮਾਨਤ, ਅਤੇ ਟੈਕਸੇਸ਼ਨ, ਅਤੇ ਹੋਰ ਵਿਸ਼ਿਆਂ ਜਿਵੇਂ ਕਿ ਰਣਨੀਤੀ, ਸ਼ਾਸਨ ਅਤੇ ਵਿੱਤ ਵਿੱਚ ਲੋੜੀਂਦਾ ਗਿਆਨ ਪ੍ਰਾਪਤ ਕਰਨ ਨਾਲ ਸਬੰਧਤ ਹੈ। **ਪ੍ਰੀਖਿਆ** ਵੱਖ-ਵੱਖ ਵਿਸ਼ਿਆਂ ਵਿੱਚ ਹਾਸਲ ਕੀਤੇ ਗਿਆਨ ਨੂੰ ਪਰਖਣ ਨਾਲ ਜੁੜੀ ਹੋਈ ਹੈ। ਅਤੇ **ਅਨੁਭਵ** ਸਬੰਧਤ ਵਿਹਾਰਕ ਕੰਮ ਦਾ ਤਜਰਬਾ ਹਾਸਲ ਕਰਨ ਨਾਲ ਸਬੰਧਤ ਹੈ। ਉਹ ਸ਼ਖ਼ਸ ਜੋ ਇਹਨਾਂ ਲੋੜਾਂ ਨੂੰ ਪੂਰਾ ਕਰਦੇ ਹਨ ਅਤੇ ਭਰੋਸੇਯੋਗ ਸ਼ਖ਼ਸੀਅਤ ਹਨ, ਉਹ 'ਸੀ ਪੀ ਏ' ਦਾ ਰੁਤਬਾ ਹਾਸਲ ਕਰਨਗੇ। ਇਹ ਲੋੜਾਂ ਅਕਾਊਂਟਿੰਗ ਪੇਸ਼ੇ ਲਈ 'ਆਈ ਐਫ਼ ਏ ਸੀ' ਦੇ ਮਿਆਰਾਂ ਦੀ ਵੀ ਪਾਲਣਾ ਕਰਦੀਆਂ ਹਨ।

'ਸੀ ਪੀ ਏ ਬੀ ਸੀ' ਅਤੇ 'ਸੀ ਪੀ ਏ' ਵੈਸਟਰਨ ਸਕੂਲ ਆਫ਼ ਬਿਜ਼ਨਸ (ਸੀ ਪੀ ਏ ਡਬਲਿਊ ਐੱਸ ਬੀ), 'ਸੀ ਪੀ ਏ' ਪ੍ਰੋਗਰਾਮ ਨੂੰ ਪ੍ਰਦਾਨ ਕਰਨ ਲਈ ਮਿਲ ਕੇ ਕੰਮ ਕਰਦੇ ਹਨ। 'ਸੀ ਪੀ ਏ ਡਬਲਿਊ ਐੱਸ ਬੀ' ਅਕਾਦਮਿਕ ਹਿੱਸੇ ਪ੍ਰਦਾਨ ਕਰਦਾ ਹੈ, ਜਦੋਂ ਕਿ ਬੀ ਸੀ ਵਿੱਚ ਰਹਿਣ ਵਾਲੇ 'ਸੀ ਪੀ ਏ' ਮੈਂਬਰਾਂ ਅਤੇ ਉਮੀਦਵਾਰਾਂ ਨੂੰ 'ਸੀ ਪੀ ਏ ਬੀ ਸੀ' ਨਿਯੰਤ੍ਰਿਤ ਕਰਦਾ ਹੈ।

'ਸੀਪੀ ਏ' ਬਣਨ ਬਾਰੇ ਹੋਰ ਜਾਣਨ, ਸਮਾਗਮਾਂ ਨੂੰ ਲੱਭਣ, ਜਾਂ 'ਸੀ ਪੀ ਏ ਬੀ ਸੀ' ਦੇ ਸਲਾਹਕਾਰ ਨਾਲ ਮੁਲਾਕਾਤ ਬੁੱਕ ਕਰਨ ਲਈ gocpabc.ca 'ਤੇ ਜਾਓ।

## ਅੰਤਰਰਾਸ਼ਟਰੀ ਪੱਧਰ 'ਤੇ ਸਿੱਖਿਆ ਪ੍ਰਾਪਤ ਅਕਾਊਂਟੈਂਟ

2023 ਵਿੱਚ, ਬੀ ਸੀ ਸੂਬਾਈ ਸਰਕਾਰ ਨੇ ਇੰਟਰਨੈਸ਼ਨਲ ਕ੍ਰੈਡੈਂਸ਼ੀਅਲ ਰਿਕੋਗਨੀਸ਼ਨ ਐਕਟ ਪੇਸ਼ ਕੀਤਾ, ਜਿਸ ਦਾ ਮੰਤਵ ਅੰਤਰਰਾਸ਼ਟਰੀ ਤੌਰ 'ਤੇ ਸਿਖਲਾਈ ਪ੍ਰਾਪਤ ਪੇਸ਼ਾਵਰਾਂ ਲਈ ਪ੍ਰਮਾਣ ਪੱਤਰ ਦੀ ਮਾਨਤਾ ਪ੍ਰਕਿਰਿਆ ਵਿੱਚ ਨਿਰਪੱਖਤਾ, ਕੁਸ਼ਲਤਾ, ਪਾਰਦਰਸ਼ਤਾ ਅਤੇ ਜਵਾਬਦੇਹੀ ਨੂੰ ਵਧਾਉਣਾ ਹੈ। ਪਿਛਲੀ ਸਿੱਖਿਆ, ਕੰਮ ਦੇ ਤਜਰਬੇ, ਅਤੇ ਅਕਾਊਂਟਿੰਗ ਪ੍ਰਮਾਣ ਪੱਤਰਾਂ ਦੇ ਆਧਾਰ 'ਤੇ, ਬਹੁਤ ਸਾਰੇ ਅੰਤਰਰਾਸ਼ਟਰੀ ਪੱਧਰ 'ਤੇ ਸਿੱਖਿਆ ਪ੍ਰਾਪਤ ਵਿਅਕਤੀਆਂ ਕੋਲ 'ਸੀ ਪੀ ਏ' ਬਣਨ ਦੇ ਵੱਖੋ-ਵੱਖਰੇ ਰਸਤੇ ਹਨ।

ਹੇਠ ਲਿਖੇ ਰਾਹ ਉਹਨਾਂ ਵਿਅਕਤੀਆਂ 'ਤੇ ਲਾਗੂ ਹੁੰਦੇ ਹਨ, ਜਿਹੜੇ ਚੰਗੀ ਸਥਿਤੀ ਵਿੱਚ ਸਰਗਰਮ ਮੈਂਬਰ ਹਨ ਅਤੇ ਉਹਨਾਂ ਨੇ ਆਪਣੀ ਪੇਸ਼ੇਵਾਰ ਸੰਸਥਾ ਦੇ ਸਾਰੇ ਪੇਸ਼ੇਵਾਰ ਕੋਰਸਾਂ, ਪ੍ਰੀਖਿਆਵਾਂ, ਅਤੇ ਅਨੁਭਵ ਲੋੜਾਂ ਨੂੰ ਪੂਰਾ ਕੀਤਾ ਹੈ।

- **ਐੱਮ ਆਰ ਏ/ਆਰ ਐੱਮ ਏ ਮੈਂਬਰ** ਬੀ ਸੀ ਵਿੱਚ 'ਸੀ ਪੀ ਏ' ਦੇ ਰੁਤਬੇ ਲਈ ਸਿੱਧੇ ਤੌਰ 'ਤੇ ਅਰਜ਼ੀ ਦੇ ਸਕਦੇ ਹਨ ਅਤੇ ਸਾਰੇ ਲੋੜੀਂਦੇ ਦਸਤਾਵੇਜ਼ ਪ੍ਰਾਪਤ ਹੋਣ ਦੀ ਮਿਤੀ ਤੋਂ ਸੱਤ ਕਾਰੋਬਾਰੀ ਦਿਨਾਂ ਦੇ ਅੰਦਰ ਉਹ ਆਪਣੇ ਮੁਲਾਂਕਣ ਨਤੀਜੇ ਪ੍ਰਾਪਤ ਕਰਨਗੇ।
- **ਐੱਮ ਓ ਯੂ ਮੈਂਬਰਾਂ** ਨੂੰ 'ਸੀ ਪੀ ਏ' ਪ੍ਰੋਗਰਾਮ ਦੇ ਕੁਝ ਅਕਾਦਮਿਕ ਅਤੇ ਕੰਮ ਦੇ ਤਜਰਬੇ ਵਾਲੇ ਹਿੱਸਿਆਂ ਲਈ "ਐਡਵਾਂਸਡ ਸਟੈਂਡਿੰਗ" ਛੋਟਾਂ ਪ੍ਰਾਪਤ ਹੋਣਗੀਆਂ। ਮੁਲਾਂਕਣ ਨਤੀਜੇ ਅਕਾਦਮਿਕ ਬ੍ਰਿਜਿੰਗ ਲਈ ਸਾਰੇ ਲੋੜੀਂਦੇ ਦਸਤਾਵੇਜ਼ ਪ੍ਰਾਪਤ ਕਰਨ ਦੇ 10 ਕਾਰੋਬਾਰੀ ਦਿਨਾਂ ਦੇ ਅੰਦਰ, ਅਤੇ ਅਨੁਭਵ ਬ੍ਰਿਜਿੰਗ ਲਈ ਚਾਰ ਤੋਂ ਛੇ ਹਫ਼ਤਿਆਂ ਦੇ ਅੰਦਰ ਜਾਰੀ ਕੀਤੇ ਜਾਂਦੇ ਹਨ।
- **ਆਈ ਐਫ਼ ਏ ਸੀ ਮੈਂਬਰ** ਜਿਨ੍ਹਾ ਦੀ ਪੇਸ਼ੇਵਾਰ ਸੰਸਥਾ 'ਆਈ ਐਫ਼ ਏ ਸੀ' ਨਾਲ 'ਮੈਂਬਰ ਸੰਗਠਨ' ਵਜੋਂ ਵੀ ਸੂਚੀਬੱਧ ਹੈ, 'ਸੀ ਪੀ ਏ ਡਬਲਿਊ ਐੱਸ ਬੀ' ਨੂੰ ਮੁਲਾਂਕਣ ਲਈ ਅਰਜ਼ੀ ਦੇਣ ਦੇ ਯੋਗ ਹਨ ਅਤੇ 'ਸੀ ਪੀ ਏ' ਪ੍ਰੋਗਰਾਮ ਦੇ ਕੁਝ ਅਕਾਦਮਿਕ ਅਤੇ ਕੰਮ ਦੇ ਤਜਰਬੇ ਦੇ ਭਾਗਾਂ ਲਈ "ਐਡਵਾਂਸਡ ਸਟੈਂਡਿੰਗ" ਛੋਟ ਪ੍ਰਾਪਤ ਕਰਨਗੇ। ਮੁਲਾਂਕਣ ਨਤੀਜੇ ਅਕਾਦਮਿਕ ਬ੍ਰਿਜਿੰਗ ਲਈ ਸਾਰੇ ਲੋੜੀਂਦੇ ਦਸਤਾਵੇਜ਼ ਪ੍ਰਾਪਤ ਕਰਨ ਦੇ 10 ਕਾਰੋਬਾਰੀ ਦਿਨਾਂ ਦੇ ਅੰਦਰ, ਅਤੇ ਅਨੁਭਵ ਬ੍ਰਿਜਿੰਗ ਲਈ ਚਾਰ ਤੋਂ ਛੇ ਹਫ਼ਤਿਆਂ ਦੇ ਅੰਦਰ ਜਾਰੀ ਕੀਤੇ ਜਾਂਦੇ ਹਨ।
- **ਹੋਰ ਅੰਤਰਰਾਸ਼ਟਰੀ ਤੌਰ 'ਤੇ ਸਿਖਲਾਈ ਪ੍ਰਾਪਤ ਅਕਾਊਂਟੈਂਟ** 'ਸੀ ਪੀ ਏ ਡਬਲਿਊ ਐੱਸ ਬੀ' ਨੂੰ ਮੁਲਾਂਕਣ ਲਈ ਅਰਜ਼ੀ ਦੇਣ ਦੇ ਯੋਗ ਹਨ ਅਤੇ ਪੂਰੀ ਕੀਤੀ ਗਈ ਸਾਰੀ ਪਿਛਲੀ ਸਿੱਖਿਆ ਅਤੇ ਕੰਮ ਦੇ ਤਜਰਬੇ ਦਾ ਮੁਲਾਂਕਣ 'ਸੀ ਪੀ ਏ' ਪ੍ਰੋਗਰਾਮ ਵਿੱਚ ਦਾਖ਼ਲ ਹੋਣ ਲਈ ਦਾਖ਼ਲਾ ਲੋੜਾਂ ਦੇ ਟਾਕਰੇ ਕੀਤਾ ਜਾਵੇਗਾ। ਅਕਾਦਮਿਕ ਮੁਲਾਂਕਣ ਲਈ ਸਾਰੇ ਲੋੜੀਂਦੇ ਦਸਤਾਵੇਜ਼ ਪ੍ਰਾਪਤ ਕਰਨ ਦੇ 10 ਕਾਰੋਬਾਰੀ ਦਿਨਾਂ ਦੇ ਅੰਦਰ ਮੁਲਾਂਕਣ ਨਤੀਜੇ ਜਾਰੀ ਕੀਤੇ ਜਾਂਦੇ ਹਨ। ਨਤੀਜੇ ਦਰਸਾਉਣਗੇ ਕਿ ਦਾਖ਼ਲੇ ਦੀਆਂ ਕਿੰਨੀਆਂ ਲੋੜਾਂ ਪੂਰੀਆਂ ਹੋਈਆਂ ਹਨ ਅਤੇ ਕੀ ਗੁੰਮ ਹੈ।

cpawsb.ca/future-learners 'ਤੇ ਹੋਰ ਜਾਣੋ ਜਾਂ ਆਪਣੀ ਅਰਜ਼ੀ ਸ਼ੁਰੂ ਕਰੋ।

## ਅਕਸਰ ਪੁੱਛੇ ਜਾਣ ਵਾਲੇ ਸਵਾਲ

**ਕੀ 'ਸੀ ਪੀ ਏ' ਦਾ ਵਿਦਿਆਰਥੀ ਬਣਨ ਲਈ ਅੰਗਰੇਜ਼ੀ ਭਾਸ਼ਾ ਦੀ ਮੁਹਾਰਤ ਦੀ ਲੋੜ ਹੈ?**

ਕੋਰਸ ਸਮਗਰੀ ਅਤੇ ਇਮਤਿਹਾਨਾਂ ਨੂੰ ਸਮਝਣ ਲਈ, ਅਸੀਂ ਸਿਫ਼ਾਰਿਸ਼ ਕਰਦੇ ਹਾਂ ਕਿ ਤੁਹਾਡੇ ਕੋਲ ਘੱਟੋ-ਘੱਟ 12 ਵਿੱਚੋਂ 8 ਕੈਨੇਡੀਅਨ ਅੰਗਰੇਜ਼ੀ ਭਾਸ਼ਾ ਦਾ ਬੈਂਚ ਮਾਰਕ ਹੋਵੇ। language.ca/resourcesexpertise/ 'ਤੇ ਹੋਰ ਜਾਣੋ।

**ਕੀ ਅੰਤਰਰਾਸ਼ਟਰੀ ਵਿਦਿਆਰਥੀ 'ਸੀ ਪੀ ਏ' ਪ੍ਰੋਗਰਾਮ ਲੈਣ ਲਈ ਵਧੇਰੇ ਭੁਗਤਾਨ ਕਰਦੇ ਹਨ?**

ਨਹੀਂ, ਅੰਤਰਰਾਸ਼ਟਰੀ ਵਿਦਿਆਰਥੀ ਬ੍ਰਿਟਿਸ਼ ਕੋਲੰਬੀਆ ਵਿੱਚ ਘਰੇਲੂ ਵਿਦਿਆਰਥੀਆਂ ਜਿੰਨਾ ਹੀ ਭੁਗਤਾਨ ਕਰਦੇ ਹਨ।

**ਕੀ ਮੈਂ ਕੈਨੇਡਾ ਤੋਂ ਬਾਹਰ ਰਹਿੰਦੇ ਹੋਏ 'ਸੀ ਪੀ ਏ' ਪ੍ਰੋਗਰਾਮ ਦਾ ਵਿਦਿਆਰਥੀ ਬਣ ਸਕਦਾ/ਸਕਦੀ ਹਾਂ?**

ਤੁਸੀਂ ਆਪਣੇ ਦੇਸ਼ ਤੋਂ ਮੁਲਾਂਕਣ ਪ੍ਰਕਿਰਿਆ ਸ਼ੁਰੂ ਕਰ ਸਕਦੇ ਹੋ, ਪਰ 'ਸੀ ਪੀ ਏ' ਪ੍ਰੋਗਰਾਮ ਵਿੱਚ ਦਾਖ਼ਲਾ ਲੈਣ ਲਈ ਤੁਹਾਨੂੰ ਬ੍ਰਿਟਿਸ਼ ਕੋਲੰਬੀਆ ਵਿੱਚ ਰਹਿਣਾ ਪਵੇਗਾ ਅਤੇ ਤੁਹਾਡੇ ਕੋਲ ਸਟੱਡੀ ਪਰਮਿਟ ਅਤੇ ਵਰਕ ਪਰਮਿਟ ਦੋਵੇਂ ਹੋਣੇ ਚਾਹੀਦੇ ਹਨ।

**ਜੇਕਰ ਮੈਂ ਲੈਂਡਡ ਇਮੀਗ੍ਰੈਂਟ ਜਾਂ ਸਥਾਈ ਨਿਵਾਸੀ ਨਹੀਂ ਹਾਂ, ਤਾਂ ਮੈਨੂੰ 'ਸੀ ਪੀ ਏ' ਪ੍ਰੋਗਰਾਮ ਵਿੱਚ ਪੜ੍ਹਾਈ ਕਰਨ ਲਈ ਕਿਹੜੇ ਪਰਮਿਟਾਂ ਦੀ ਲੋੜ ਹੋਵੇਗੀ?**

'ਸੀ ਪੀ ਏ' ਪ੍ਰੋਗਰਾਮ ਦੀ ਮਿਆਦ ਛੇ ਮਹੀਨਿਆਂ ਤੋਂ ਵੱਧ ਹੁੰਦੀ ਹੈ ਅਤੇ ਇਸ ਵਿੱਚ ਵਿਅਕਤੀਗਤ ਤੌਰ 'ਤੇ ਭਾਗ ਲੈਣਾ ਲਾਜ਼ਮੀ ਹੁੰਦਾ ਹੈ। 'ਸੀ ਪੀ ਏ' ਪ੍ਰੋਗਰਾਮ ਵਿੱਚ ਦਾਖ਼ਲਾ ਲੈਣ ਲਈ, ਤੁਹਾਨੂੰ ਬ੍ਰਿਟਿਸ਼ ਕੋਲੰਬੀਆ ਵਿੱਚ ਰਹਿੰਦੇ ਹੋਣਾ ਜ਼ਰੂਰੀ ਹੈ ਅਤੇ ਤੁਹਾਡੇ ਕੋਲ ਸਟੱਡੀ ਪਰਮਿਟ ਅਤੇ ਵਰਕ ਪਰਮਿਟ ਦੋਵੇਂ ਹੋਣੇ ਚਾਹੀਦੇ ਹਨ। ਵਧੇਰੇ ਵਿਅਕਤੀਗਤ ਪਰਮਿਟ ਅਤੇ ਇਮੀਗ੍ਰੇਸ਼ਨ ਸੰਬੰਧੀ ਮਾਰਗ ਦਰਸ਼ਨ ਲਈ, ਕਿਸੇ ਪੇਸ਼ੇਵਾਰ ਤੋਂ ਸਲਾਹ ਲੈਣ ਬਾਰੇ ਵਿਚਾਰ ਕਰੋ। College-ic.ca/protecting-the-public 'ਤੇ ਹੋਰ ਜਾਣੋ।

**'ਸੀ ਪੀ ਏ' ਪ੍ਰੋਗਰਾਮ ਬਾਰੇ ਅਗਲਾ ਜਾਣਕਾਰੀ ਸੈਸ਼ਨ ਕਦੋਂ ਹੈ?**

'ਸੀ ਪੀ ਏ' ਪ੍ਰੋਗਰਾਮ ਦੇ ਨਾਲ-ਨਾਲ ਆਉਣ ਵਾਲੇ ਜਾਣਕਾਰੀ ਸੈਸ਼ਨਾਂ ਅਤੇ ਸਮਾਗਮਾਂ ਬਾਰੇ ਹੋਰ ਜਾਣਕਾਰੀ gocpabca.ca ਤੋਂ ਲਵੋ।

**ਹੋਰ ਜਾਣਕਾਰੀ ਲਈ ਮੈਂ ਕਿਸ ਨਾਲ ਸੰਪਰਕ ਕਰ ਸਕਦਾ/ਸਕਦੀ ਹਾਂ?**

'ਸੀ ਪੀ ਏ ਬੀ ਸੀ' ਨਾਲ gocpabc.ca/advisor 'ਤੇ ਸੰਪਰਕ ਕਰੋ ਜਾਂ ਸਾਨੂੰ 604.872.7222 'ਤੇ ਕਾਲ ਕਰੋ ਜਾਂ 1.800.663.2677 'ਤੇ ਟੋਲ ਫ੍ਰੀ ਕਾਲ ਕਰੋ।